# ਪੰਜਾਬ ਸਕੂਲ ਸਿੱਖਿਆ ਬੋਰਡ

## ਪਬਲਿਕ ਨੋਟਿਸ

### ਬੋਰਡ ਦੀਆਂ ਪਾਠ ਪੁਸਤਕਾਂ ਦੀ ਏਜੰਸੀ ਲੈਣ ਸਬੰਧੀ

1. ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਪਹਿਲਾਂ ਤੋਂ ਸਬੰਧਤ ਰਜਿਸਟਰਡ ਫਰਮਾਂ/ਕੰਪਨੀਆਂ/ਸੰਸਥਾਵਾਂ ਆਦਿ ਜੋ ਸਿੱਖਿਆ ਬੋਰਡ ਤੋਂ ਨਿਰੰਤਰ ਪਾਠ ਪੁਸਤਕਾਂ ਖਰੀਦ ਰਹੇ ਹਨ ਅਤੇ ਆਪਣੀਆਂ ਉਨ੍ਹਾਂ ਏਜੰਸੀਆਂ ਨੂੰ ਸਮੇਂ-ਸਮੇਂ 'ਤੇ ਰਿਨੀਊ ਕਰਵਾ ਰਹੇ ਹਨ, ਉਨ੍ਹਾਂ ਏਜੰਸੀਆਂ ਨੂੰ ਇਸ ਇਸ਼ਤਿਹਾਰ ਦੇ ਛਪਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ-ਅੰਦਰ ਕੇਵਲ ਰਿਨੀਊਲ ਫਾਰਮ ਭਰਨਾ ਹੈ ਜੋ ਕਿ ਬੋਰਡ ਦੀ ਵੈੱਬਸਾਈਟ www.pseb.ac.in 'ਤੇ ਉਪਲਬਧ ਹੈ ਅਤੇ ਇਹ ਫਾਰਮ ਸਬੰਧਤ ਜ਼ਿਲ੍ਹਾ ਮੈਨੇਜਰ ਤੋਂ ਤਸਦੀਕ ਕਰਵਾ ਕੇ ਮੁੱਖ ਦਫਤਰ ਭੇਜਣਗੇ।
2. ਅਕ੍ਰਿਆਸ਼ੀਲ (Inactive) ਏਜੰਸੀ ਹੋਲਡਰ ਜੋ ਕਿ ਪਿਛਲੇ ਤਿੰਨ (3) ਸਾਲਾਂ ਤੋਂ ਪੁਸਤਕਾਂ ਨਹੀਂ ਖਰੀਦ ਰਹੇ ਭਾਵ ਸਾਲ (2012-13, 2013-14, 2014-15) ਜਾਂ ਜਿਨ੍ਹਾਂ ਦੀ ਏਜੰਸੀ ਰਿਨੀਊ ਹੋਣੀ ਹੈ, ਉਨ੍ਹਾਂ ਨੂੰ ਇਕ ਆਖਰੀ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਬੋਰਡ ਵੱਲੋਂ ਨਿਰਧਾਰਤ ਏਜੰਸੀ ਰਿਨੀਊਲ ਪ੍ਰੋਫਾਰਮਾ ਸਮੇਤ 1000/-ਰੁ. (ਇਕ ਹਜ਼ਾਰ ਰੁ.) ਫੀਸ ਜਮ੍ਹਾਂ ਕਰਵਾ ਕੇ ਇਸ ਇਸ਼ਤਿਹਾਰ ਦੇ ਛਪਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ-ਅੰਦਰ ਸਬੰਧਤ ਜ਼ਿਲ੍ਹਾ ਮੈਨੇਜਰ ਖੇਤਰੀ ਦਫਤਰ ਤੋਂ ਤਸਦੀਕ ਕਰਵਾ ਕੇ ਮੁੱਖ ਦਫਤਰ ਨੂੰ ਭੇਜਣਗੇ।
3. ਨਵੀਂ ਏਜੰਸੀ ਲੈਣ ਦੇ ਚਾਹਵਾਨ ਉਪਰੋਕਤ ਨਿਰਧਾਰਤ ਨਵੀਂ ਏਜੰਸੀ ਦਾ ਫਾਰਮ ਭਰ ਕੇ ਅਤੇ ਬਣਦੀਆਂ ਸ਼ਰਤਾਂ ਪੂਰੀਆਂ ਕਰਕੇ ਨਿਰਧਾਰਤ ਫਾਰਮ ਮੁੱਖ ਦਫਤਰ ਜਮ੍ਹਾਂ ਕਰਵਾਉਣਗੇ। ਨਵੀਂ ਏਜੰਸੀ ਦਾ ਪ੍ਰੋਫਾਰਮਾ ਤੇ ਸ਼ਰਤਾਂ ਬੋਰਡ ਦੀ ਵੈੱਬਸਾਈਟ www.pseb.ac.in 'ਤੇ ਉਪਲਬਧ ਹਨ।
4. 'ਨਵੀਂ ਏਜੰਸੀ ਦੀ ਫੀਸ/ਸਕਿਓਰਿਟੀ' ਜਾਂ 'ਪੁਰਾਣੀ ਏਜੰਸੀ ਦੀ ਰਿਨੀਊਲ ਫੀਸ' ਡਿਮਾਂਡ ਡਰਾਫਟ ਰਾਹੀਂ ਜੋ ਕਿ 'ਸਕੱਤਰ ਪੰਜਾਬ ਸਕੂਲ ਸਿੱਖਿਆ ਬੋਰਡ' ਐਸ.ਏ.ਐਸ. ਨਗਰ ਵਿਖੇ ਅਦਾਇਗੀਯੋਗ ਹੋਵੇ ਜਾਂ ਮੁੱਖ ਦਫਤਰ ਦੇ ਕੈਸ਼ੀਅਰ ਕੋਲ ਕੈਸ਼ ਜਮ੍ਹਾਂ ਕਰਵਾਈ ਜਾ ਸਕਦੀ ਹੈ ਅਤੇ ਰਾਸ਼ੀ ਦੀ ਰਸੀਦ ਸਮੇਤ ਫਾਰਮ ਟੈਕਸਟ ਬੁੱਕ ਸ਼ਾਖਾ ਮੁੱਖ ਦਫਤਰ ਵਿਚ ਜਮ੍ਹਾਂ ਕਰਵਾਇਆ ਜਾਵੇ।
5. ਏਜੰਸੀ ਦੀ ਮਿਆਦ ਸਾਲਾਨਾ ਹੋਵੇਗੀ ਜੋ ਕਿ ਸਾਲ ਬਾਅਦ ਰਿਨੀਊ ਹੋਵੇਗੀ ਅਤੇ ਰਿਨੀਊਲ ਫੀਸ 1000/-ਰੁ. (ਇਕ ਹਜ਼ਾਰ ਰੁ.) ਹੋਵੇਗੀ।

**ਸਕੱਤਰ।**

DPR/Pb-995-C